ਆਕਾਸ਼ਵਾਣੀ ਚੰਡੀਗੜ੍ਹ
ਪ੍ਰਾਦੇਸ਼ਿਕ ਖ਼ਬਰਾਂ, ਪੰਜਾਬੀ
ਮਿਤੀ 13-12-2017,1820 ਵਜੇ ਸ਼ਾਮ
ਮੁੱਖ ਖ਼ਬਰਾਂ

- ਭਾਰਤੀ ਰੈੱਡ ਕਰਾਸ ਸੋਸਾਇਟੀ ਨੇ, ਕੇਂਦਰ ਸਰਕਾਰ ਤੋਂ ਮੰਗ ਕੀਤੀ ਏ ਕਿ ਅਰਧ ਫੌਜੀ ਦਲਾਂ ਦੇ ਸ਼ਹੀਦ ਸੈਨਿਕਾਂ ਦੀਆਂ ਤਸਵੀਰਾਂ ਉਨ੍ਹਾਂ ਦੇ ਸਕੂਲਾਂ 'ਚ ਲਗਾਈਆਂ ਜਾਣ।

- ਪੰਜਾਬ ਵਿਜੀਲੈਂਸ ਬਿਊਰੋ ਨੇ ਸਿੰਜਾਈ ਮਹਿਕਮੇ 'ਚ ਘੁਟਾਲੇ ਸਬੰਧੀ ਇਕ ਠੇਕੇਦਾਰ ਨੂੰ ਅੱਜ ਮੋਹਾਲੀ ਤੋਂ ਗ੍ਰਿਫ਼ਤਾਰ ਕਰ ਲਿਐ।

- ਰਾਸ਼ਟਰ ਅੱਜ 2001 ਵਿਚ ਪਾਰਲੀਮੈਂਟ ਉਪਰ ਹੋਏ ਦਹਿਸ਼ਤੀ ਹਮਲੇ ਨੂੰ ਰੋਕਣ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰ ਰਿਹੈ।

- ਕੇਂਦਰ ਸਰਕਾਰ ਨੇ ਨਵੇਂ ਬੈਂਕ ਖਾਤੇ ਖੋਲ੍ਹਣ ਵਰਗੇ ਕੁਝ ਮਾਲੀ ਲੈਣ ਦੇਣ ਆਧਾਰ ਅਤੇ ਪੈਨ ਨੰਬਰ ਨਾਲ ਜੋੜਨ ਨੂੰ ਲਾਜ਼ਮੀ ਕਰਨ ਦੀ ਆਖਰੀ ਤਰੀਕ 31 ਦਸੰਬਰ ਹਟਾ ਕੇ ਇਹ ਪ੍ਰਕਿਰਿਆ ਅੱਗੇ ਪਾ ਦਿੱਤੀ ਏ।

ਭਾਰਤੀ ਰੈਡ ਕਰਾਸ ਸੁਸਾਇਟੀ ਦੇ ਉਪ ਚੇਅਰਮੈਨ ਅਵਿਨਾਸ ਰਾਏ ਖੰਨਾ ਨੇ ਮੰਗ ਕੀਤੀ ਏ ਕਿ ਨੀਮ ਫੌਜੀ ਦਲਾਂ ਦੇ ਸਹੀਦ ਸੈਨਿਕਾਂ ਦੀਆਂ ਤਸਵੀਰਾਂ ਉਨ੍ਹਾਂ ਸਕੂਲਾਂ ਵਿੱਚ ਲਗਾਈਆਂ ਜਾਣ, ਜਿੱਥੇ ਉਨ੍ਹਾਂ ਨੇ ਪੜ੍ਹਾਈ ਮੁਕੰਮਲ ਕੀਤੀ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਲਿਖੇ ਇੱਕ ਪੱਤਰ ਵਿੱਚ ਸ੍ਰੀ ਖੰਨਾ ਨੇ ਕਿਹਾ ਕਿ ਨੀਮ ਫੌਜੀ ਦਲਾਂ ਨਾਲ ਸਬੰਧਿਤ ਅਜਿਹੇ ਸਹੀਦ ਸੈਨਿਕਾਂ ਦੀਆਂ ਯਾਦਾਂ ਨੂੰ ਸਨਮਾਨ ਦੇਣ ਲਈ ਅਜਿਹਾ ਕੀਤਾ ਜਾਣਾ ਜਰੂਰੀ ਏ।

ਸ੍ਰੀ ਖੰਨਾ ਨੇ ਮੰਗ ਕੀਤੀ ਕਿ ਇਸ ਸਬੰਧੀ ਸਮੁੱਚੀਆਂ ਸੂਬਾ ਸਰਕਾਰਾਂ ਨੂੰ ਵੀ ਹਦਾਇਤ ਕੀਤੀ ਜਾਵੇ ਕਿ ਇਸ ਕਾਰਜ ਨੂੰ ਪਹਿਲ ਦੇ ਅਧਾਰ ਤੇ ਕੀਤਾ ਜਾਵੇ।

******************************************************************

ਪੰਜਾਬ ਵਿਜੀਲੈਂਸ ਬਿਊਰੋ ਨੇ ਸਿੰਜਾਈ ਮਹਿਕਮੇ 'ਚ ਇਕੋ ਠੇਕੇਦਾਰ ਨੂੰ ਸਾਰੇ ਨਿਰਮਾਣ ਕਾਰਜ ਦੇਣ ਦੇ ਮਾਮਲੇ 'ਚ ਸਬੰਧਤ ਗੁਰਿੰਦਰ ਸਿੰਘ ਨੂੰ ਐਸ ਏ ਐਸ ਨਗਰ ਮੋਹਾਲੀ 'ਚ ਗ੍ਰਿਫ਼ਤਾਰ ਕਰ ਲਿਐ। ਵਿਜੀਲੈਂਸ ਨੇ ਪਹਿਲਾਂ ਇਸੇ ਮਾਮਲੇ 'ਚ ਸਿੰਜਾਈ ਮਹਿਕਮੇ ਦੇ ਮੁੱਖ ਇੰਜਨੀਅਰ ਹਰਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

ਵਿਜੀਲੈਂਸ ਦੇ ਹਲਕਿਆਂ ਦਾ ਕਹਿਣੈ ਕਿ ਠੇਕੇਦਾਰ ਗੁਰਿੰਦਰ ਸਿੰਘ ਨੇ ਪਹਿਲਾਂ ਮੋਹਾਲੀ ਦੀ ਇਕ ਅਦਾਲਤ ਵਿਚ ਆਤਮ ਸਮਰਪਣ ਕਰ ਦਿੱਤਾ ਸੀ। ਅਦਾਲਤ ਨੇ ਉਸ ਨੂੰ 16 ਦਸੰਬਰ ਤੱਕ ਵਿਜੀਲੈਂਸ ਦੀ ਹਿਰਾਸਤ ਵਿਚ ਭੇਜ ਦਿੱਤੈ।

ਪਹਿਲਾਂ ਸੁਪਰੀਮ ਕੋਰਟ ਨੇ ਇਸ ਮਾਮਲੇ 'ਚ ਠੇਕੇਦਾਰ ਗੁਰਿੰਦਰ ਸਿੰਘ ਦੀ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਖਾਰਜ ਕਰ ਦਿੱਤੀ ਸੀ।

****************************************************************

ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਆਰਥਿਕ ਅਪਰਾਧ ਸ਼ਾਖਾ, ਮੁਕਤਸਰ ਵਿਖੇ ਤਾਇਨਾਤ ਇਕ ਥਾਣੇਦਾਰ ਨੂੰ 16,000 ਰੁਪਏ ਦੀ ਰਿਸ਼ਵਤ ਲੈਦਿਆਂ ਰੰਗੇ ਹੱਥੀ ਕਾਬੂ ਕੀਤੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਆਪਣੀ ਸ਼ਿਕਾਇਤ ਵਿਚ ਦੋਸ਼ ਲਾਇਆ ਕਿ ਉਸ ਦੇ ਖਿਲਾਫ ਦਿੱਤੀ ਦਰਖਾਸਤ ਨੂੰ ਫਾਈਲ ਕਰਵਾਉਣ ਲਈ ਉਕਤ ਥਾਣੇਦਾਰ ਵਲੋਂ 25000 ਰੁਪਏ ਦੀ ਮੰਗ ਕੀਤੀ ਗਈ ਏ ਅਤੇ ਸੌਦਾ 16,000 ਰੁਪਏ ਵਿਚ ਤੈਅ ਹੋ ਗਿਐ।

ਵਿਜੀਲੈਂਸ ਵਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਉਕਤ ਦੋਸ਼ੀ ਥਾਣੇਦਾਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ 16,000 ਰੁਪਏ ਦੀ ਰਿਸ਼ਵਤ ਲੈਦਿਆਂ ਦਬੋਚ ਲਿਆ। ਵਿਜੀਲੈਂਸ ਬਿਊਰੋ ਦੇ ਥਾਣੇ ਵਿਚ ਮੁਕਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਏ।

****************************************************************

ਕੇਂਦਰ ਸਰਕਾਰ ਨੇ ਅਨੁਸੂਚਿਤ ਜਾਤੀ ਨਾਲ ਸਬੰਧਤ ਲੜਕੇ ਜਾ ਲੜਕੀਆਂ ਦੇ ਕਿਸੇ ਹੋਰ ਜਾਤੀ (ਅੰਤਰਜਾਤੀ) ਵਿਆਹ ਨੂੰ ਉਤਸ਼ਾਹਿਤ ਕਰਨ ਲਈ ਨਵੇਂ ਵਿਆਹੇ ਜੋੜੇ ਨੂੰ ਢਾਈ ਲੱਖ ਰੁਪਏ ਦੀ ਰਕਮ ਦੇਣ ਦਾ ਐਲਾਨ ਕੀਤੈ। ਸਰਕਾਰ ਵੱਲੋਂ ਇਸ ਸਬੰਧੀ ਯੋਜਨਾ ਦਾ ਲਾਭ ਲੈਣ ਵਾਲੇ ਉਮੀਦਵਾਰ ਦੀ ਸਲਾਨਾ ਆਮਦਨ 5 ਲੱਖ ਰੁਪਏ ਦੀ ਸ਼ਰਤ ਨੂੰ ਖ਼ਤਮ ਕਰ ਦਿੱਤਾ ਗਿਐ ਅਤੇ ਇਸ ਸਬੰਧੀ ਕੇਂਦਰੀ ਸਮਾਜਿਕ ਨਿਆਂ ਵਿਭਾਗ ਵੱਲੋਂ ਡਾ. ਅੰਬੇਦਕਰ ਫਾਊਂਡੇਸ਼ਨ ਦੀ ਰਾਜ ਇਕਾਈ ਨੂੰ ਪੱਤਰ ਵੀ ਜਾਰੀ ਕਰ ਦਿੱਤੈ।

ਇਕ ਸਰਕਾਰੀ ਬੁਲਾਰੇ ਨੇ ਦਸਿਆ ਕਿ ਧੋਖੇਬਾਜ਼ੀ ਦੀ ਸੰਭਾਵਨਾ ਨੂੰ ਘੱਟ ਕਰਨ ਲਈ ਇਹ ਰਕਮ ਹੁਣ ਦੋ ਕਿਸ਼ਤਾਂ ਵਿੱਚ ਦਿੱਤੀ ਜਾਇਆ ਕਰੇਗੀ। ਉਨ੍ਹਾਂ ਦੱਸਿਆ ਕਿ ਪਹਿਲੀ ਕਿਸ਼ਤ ਵਿਚ ਨਵੇਂ ਵਿਆਹੇ ਜੋੜੇ ਨੂੰ ਡੇਢ ਲੱਖ ਰੁਪਏ ਅਤੇ ਦੂਜੀ ਕਿਸ਼ਤ ਵਿੱਚ 1 ਲੱਖ ਰੁਪਏ ਦੀ ਰਕਮ ਦਿੱਤੀ ਜਾਵੇਗੀ।

****************************************************************

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਸਿੱਧ ਮੁੱਕੇਬਾਜ਼ ਕੌਰ ਸਿੰਘ ਵੱਲੋਂ ਡਾਕਟਰੀ ਖਰਚਿਆਂ ਨੂੰ ਪੂਰਾ ਕਰਨ ਲਈ ਲਏ ਗਏ ਕਰਜ਼ੇ ਦੀ ਅਦਾਇਗੀ ਕਰਨ ਲਈ ਆਪਣੇ ਰਾਹਤ ਫੰਡ ਵਿੱਚੋਂ 2 ਲੱਖ ਰੁਪਏ ਦੇਣ ਨੂੰ ਮਨਜੂਰੀ ਦਿੱਤੀ।

ਮੁੱਖ ਮੰਤਰੀ ਰਾਹਤ ਫੰਡ ਵਿੱਚੋਂ ਇਹ ਰਕਮ ਜਾਰੀ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਇਕ ਪ੍ਰੈੱਸ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਨੂੰ ਮੀਡੀਆ ਦੀਆਂ ਰਿਪੋਰਟਾਂ ਤੋਂ ਮਸ਼ਹੂਰ ਮੁੱਕੇਬਾਜ਼ ਦੀ ਵਿੱਤੀ ਦੁਰਦਸ਼ਾ ਬਾਰੇ ਜਾਣਕਾਰੀ ਮਿਲੀ ਏ ਅਤੇ ਉਨ੍ਹਾਂ ਨੇ ਤੁਰੰਤ ਰਾਹਤ ਲਈ ਲੋੜੀਂਦੇ ਨਿਰਦੇਸ਼ ਜਾਰੀ ਕਰ ਦਿੱਤੇ ਨੇ।

ਮੁੱਕੇਬਾਜ਼ ਦੇ ਬਿਮਾਰ ਹੋਣ ਦੀਆਂ ਰਿਪੋਰਟਾਂ 'ਤੇ ਅਫਸੋਸ ਪ੍ਰਗਟਾਉਂਦਿਆਂ ਕੈਪਟਨ ਅਮਰਿੰਦਰ ਨੇ ਕੌਰ ਸਿੰਘ ਦੇ ਛੇਤੀਂ ਤੰਦਰੁਸਤ ਹੋਣ ਅਤੇ ਉਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕੀਤੀ ਏ।

****************************************************************

ਰਾਸ਼ਟਰ ਅੱਜ, ਉਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰ ਰਿਹੈ ਜਿਨ੍ਹਾਂ ਨੇ 2001 'ਚ ਅੱਜ ਦੇ ਦਿਨ ਪਾਰਲੀਮੈਂਟ ਉਪਰ ਹੋਏ ਦਹਿਸ਼ਤੀ ਹਮਲੇ ਦੌਰਾਨ ਇਸ ਜਮਹੂਰੀਅਤ ਦੇ ਮੰਦਰ ਦੀ ਰਾਖੀ ਲਈ ਜਾਨਾਂ ਕੁਰਬਾਨ ਕੀਤੀਆਂ ਸਨ।

ਉਪ ਰਾਸ਼ਟਰਪਤੀ ਐਮ. ਵੈਂਕਈਆ ਨਾਇਡੂ, ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਲੋਕ ਸਭਾ ਦੀ ਸਪੀਕਰ ਸ੍ਰੀਮਤੀ ਸੁਮਿਤਰਾ ਮਹਾਜਨ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਕੇਂਦਰੀ ਮੰਤਰੀਆਂ, ਪਾਰਲੀਮੈਂਟ ਮੈਂਬਰਾਂ ਅਤੇ ਵੱਖ ਵੱਖ ਸਿਆਸੀ ਪਾਰਟੀਆਂ ਦੇ ਨੇਤਾਵਾਂ ਨੇ ਅੱਜ ਸਵੇਰੇ ਪਾਰਲੀਮੈਂਟ 'ਚ ਇਨ੍ਹਾਂ ਸ਼ਹੀਦਾਂ ਦੀ ਯਾਦ 'ਚ ਲਗਾਈ ਤਖ਼ਤੀ ਤੇ ਫੁੱਲ ਮਾਲਾ ਚੜ੍ਹਾਈਆਂ।

ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਇਕ ਟਵੀਟ 'ਚ ਕਿਹੈ ਕਿ ਨਫ਼ਰਤ ਅਤੇ ਦਹਿਸ਼ਤੀ ਤਾਕਤਾਂ ਨੇ ਭਾਰਤੀ ਜਮਹੂਰੀਅਤ ਅਤੇ ਜਮਹੂਰੀ ਕਦਰਾਂ ਕੀਮਤਾਂ ਨੂੰ ਨਿਸ਼ਾਨਾ ਬਣਾਇਆ ਪਰ ਉਹ ਕਾਮਯਾਬ ਨਹੀਂ ਹੋਏ। ਉਨ੍ਹਾਂ ਕਿਹਾ ਕਿ ਭਾਰਤ ਅਜਿਹੀਆਂ ਤਾਕਤਾਂ ਨੂੰ ਕਦੇ ਕਾਮਯਾਬ ਨਹੀਂ ਹੋਣ ਦੇਏਗਾ।

ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ 2001 ਦੇ ਪਾਰਲੀਮੈਂਟ ਹਮਲੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਰਾਸ਼ਟਰ ਉਨ੍ਹਾਂ ਦੇਸ਼ ਭਗਤਾਂ ਦੀ ਬਹਾਦਰੀ ਅਤੇ ਹੌਸਲੇ ਨੂੰ ਸਲਾਮ ਕਰਦੈ ਜਿਨ੍ਹਾਂ ਨੇ ਲੋਕ ਰਾਜ ਦੇ ਇਸ ਮੰਦਰ ਦੀ ਰਾਖੀ ਲਈ ਜਾਨਾਂ ਕੁਰਬਾਨ ਕੀਤੀਆਂ। ਉਨ੍ਹਾਂ ਆਪਣੇ ਟਵੀਟ 'ਚ ਕਿਹਾ ਕਿ ਇਨ੍ਹਾਂ ਸ਼ਹੀਦਾਂ ਦੀ ਮਹਾਨ ਕੁਰਬਾਨੀ ਲੋਕਾਂ ਨੂੰ ਹਮੇਸ਼ਾ ਯਾਦ ਰਹੇਗੀ।

ਸੂਚਨਾ ਤੇ ਪ੍ਰਸਾਰਣ ਮੰਤਰੀ ਸ੍ਰੀਮਤੀ ਸਮਰਿਤੀ ਇਰਾਨੀ ਨੇ ਕਿਹਾ ਕਿ ਪਾਰਲੀਮੈਂਟ ਭਵਨ ਦੀ ਰਾਖੀ ਲਈ ਦਿੱਤੀ ਇਹ ਮਹਾਨ ਕੁਰਬਾਨੀ, ਰਾਸ਼ਟਰ ਕਦੇ ਵੀ ਨਹੀਂ ਭੁਲਾਏਗਾ।

****************************************************************

ਕੇਂਦਰ ਸਰਕਾਰ ਨੇ, ਕੁਝ ਮਾਲੀ ਲੈਣ ਦੇਣ ਲਈ ਆਧਾਰ ਅਤੇ ਪੈਨ ਨੰਬਰ ਦੇਣ ਨੂੰ ਲਾਜ਼ਮੀ ਬਣਾਉਣ ਵਾਲੇ ਨੇਮਾਂ ਵਿਚ ਸੋਧ ਕਰਕੇ, ਬੈਂਕ ਖਾਤੇ ਖੋਲ੍ਹਣ ਵਰਗੇ ਕਾਰਜਾਂ ਲਈ ਆਧਾਰ ਨੂੰ ਜੋੜਨ ਦੀ ਆਖਰੀ ਤਰੀਕ 31 ਦਸੰਬਰ ਹਟਾ ਕੇ ਇਹ ਪ੍ਰਕਿਰਿਆ ਅੱਗੇ ਪਾ ਦਿੱਤੀ ਏ।

ਕਾਲੇ ਧਨ ਨੂੰ ਚਿੱਟੇ 'ਚ ਬਦਲਣ ਨੂੰ ਰੋਕਣ ਵਾਲੇ 2002 ਦੇ ਕਾਨੂੰਨ ਵਿਚ ਸੋਧ ਕਰਕੇ ਇਕ ਨਵਾਂ ਨੇਮ ਨੋਟੀਫਾਈ ਕੀਤਾ ਗਿਐ, ਜਿਸ ਨਾਲ 31 ਦਸੰਬਰ ਤੱਕ ਆਧਾਰ ਨੰਬਰ ਅਤੇ ਪੈਨ ਦੀ ਜ਼ਰੂਰਤ ਨਹੀਂ ਰਹੇਗੀ।

ਮਾਲ ਵਿਭਾਗ ਵੱਲੋਂ ਜਾਰੀ ਨੋਟੀਫੀਕੇਸ਼ਨ ਨਾਲ ਬੈਂਕ ਖਾਤਾ ਖੋਲ੍ਹਣ ਜਿਹੇ ਵਿੱਤੀ ਕਾਰਜਾਂ ਲਈ ਆਧਾਰ ਨੰਬਰ ਨੂੰ ਲਾਜ਼ਮੀ ਕਰਨ ਸਬੰਧੀ ਆਖਰੀ ਤਰੀਕ ਵਧਾਉਣ ਲਈ ਰਾਹ ਪੱਧਰਾ ਹੋ ਜਾਏਗਾ।

ਪਹਿਲਾਂ ਏਸ ਮਹੀਨੇ ਦੀ 7 ਤਰੀਕ ਨੂੰ ਵਿੱਤ ਮੰਤਰਾਲੇ ਨੇ ਪੈਨ ਨੰਬਰ ਨੂੰ ਆਧਾਰ ਨੰਬਰ ਨਾਲ ਜੋੜਨ ਦੀ ਆਖਰੀ ਤਰੀਕ ਵਧਾ ਕੇ ਅਗਲੇ ਸਾਲ 31 ਮਾਰਚ ਕਰ ਦਿੱਤੀ ਸੀ।

ਕਾਲੇ ਧਨ ਨੂੰ ਚਿੱਟੇ 'ਚ ਬਦਲਣ ਸਬੰਧੀ ਕਾਨੂੰਨ ਤਹਿਤ ਬੈਂਕ ਖਾਤਾ ਖੋਲ੍ਹਣ ਅਤੇ 50,000 ਰੁਪਏ ਜਾਂ ਇਸ ਤੋਂ ਵੱਧ ਦੇ ਵਿੱਤੀ ਲੈਣ ਦੇਣ ਲਈ ਆਧਾਰ, ਪੈਨ ਅਤੇ ਹੋਰ ਦਸਤਾਵੇਜ਼ਾਂ ਦੀ ਜ਼ਰੂਰਤ ਹੋਵੇਗੀ। ਕੱਲ੍ਹ ਜਾਰੀ ਨੋਟੀਫੀਕੇਸ਼ਨ ਵਿਚ ਕਿਹਾ ਗਿਐ ਕਿ ਜਿੱਥੇ ਨੋਟੀਫਾਈ ਕੀਤੀ ਤਰੀਕ ਤੱਕ ਆਧਾਰ ਅਤੇ ਪੈਨ ਨੰਬਰ ਨਹੀਂ ਦਿੱਤੇ ਗਏ, ਉਹ ਖਾਤੇ ਉਦੋਂ ਤੱਕ ਜਾਮ ਰਹਿਣਗੇ ਜਦ ਤੱਕ ਗਾਹਕ ਇਹ ਦਸਤਾਵੇਜ਼ ਬੈਂਕ ਕੋਲ ਜਮ੍ਹਾਂ ਨਹੀਂ ਕਰਵਾਉਂਦਾ।

****************************************************************

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ 42ਵੀਂ ਸਾਲਾਨਾ ਕਨਵੋਕੇਸ਼ਨ ਪਰਸੋਂ 15 ਦਸੰਬਰ ਨੂੰ ਹੋ ਰਹੀ ਏ। ਪੰਜਾਬ ਦੇ ਰਾਜਪਾਲ ਵੀ ਪੀ ਸਿੰਘ ਬਦਨੌਰ ਇਸ ਕਨਵੋਕੇਸ਼ਨ ਵਿਚ ਵਿਦਿਆਰਥੀਆਂ ਨੂੰ ਡਿਗਰੀਆਂ ਤਕਸੀਮ ਕਰਨਗੇ।
ਭਾਰਤੀ ਖੇਤੀ ਖੋਜ ਕੌਂਸਲ (ਆਈ ਸੀ ਏ ਆਰ) ਦੇ ਡਾਇਰੈਕਟਰ ਜਨਰਲ ਅਤੇ ਕੇਂਦਰੀ ਸਕੱਤਰ ਡਾ. ਤਰਲੋਚਨ ਮਹਾਮਾਤਰਾ ਕਨਵੋਕੇਸ਼ਨ ਭਾਸ਼ਣ ਦੇਣਗੇ। ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਰਾਜਿੰਦਰ ਸਿੰਘ ਸਿੱਧੂ ਨੇ ਦਸਿਆ ਕਿ ਕੱਲ੍ਹ ਨੂੰ ਤੀਝੇ ਪਹਿਰ 2 ਵਜੇ ਕਨਵੋਕੇਸ਼ਨ ਦੀ ਰਿਹਰਸਲ ਹੋਵੇਗੀ। ਇਸ ਸਬੰਧੀ ਪਾਲ ਆਡੀਟੋਰੀਅਮ ਨੇੜੇ ਵਿਸ਼ੇਸ਼ ਕਾਊਂਟਰ ਲਗਾਇਆ ਜਾਏਗਾ ਤਾਂ ਜੋ ਡਿਗਰੀ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ।

*****************************************************************

ਕੌਮੀ ਫਾਰਮੇਸੀ ਸਿੱਖਿਆ ਅਤੇ ਖੋਜ ਸੰਸਥਾ (ਨਾਈਪਰ) ਐਸ ਏ ਐਸ ਨਗਰ ਦੀ ਖੋਜਾਰਥੀ ਦੀਪਿਕਾ ਕਥੂਰੀਆ ਨੇ ਬ੍ਰਿਟਿਸ਼ ਕੌਂਸਲ ਵੱਲੋਂ ਐਲਾਨੇ ਨਤੀਜੇ ਮਗਰੋਂ ਨਿਊਟਨ-ਭਾਬਾ ਫੈਲੋਸ਼ਿਪ ਜਿੱਤ ਲਈ ਏ। ਦੀਪਿਕਾ ਹਰਿਆਣਾ ਦੇ ਰੋਹਤਕ ਨਾਲ ਸਬੰਧਤ ਏ। ਉਹ ਨਾਈਪਰ ਦੇ ਮੈਡੀਸਨਲ ਕੈਮਿਸਟਰੀ ਵਿਭਾਗ 'ਚ ਕੰਮ ਕਰ ਰਹੀ ਏ। ਨਿਊਟਨ ਭਾਬਾ ਫੈਲੋਸ਼ਿਪ ਬ੍ਰਿਟਿਸ਼ ਕੌਂਸਲ ਵੱਲੋਂ ਦਿੱਤੀ ਜਾਂਦੀ ਏ।
ਦੀਪਿਕਾ ਕਥੂਰੀਆ ਕਾਲਾਜ਼ਾਰ ਬੀਮਾਰੀ ਦੇ ਇਲਾਜ ਲਈ ਨਵੇਂ ਅਣੂ ਵਿਕਸਤ ਕਰਨ ਸਬੰਧੀ ਖੋਜ ਕਰ ਰਹੀ ਏ।

*****************************************************************

ਐਂਪਾਵਰਮੈਂਟ ਐਸੋਸੀਏਸ਼ਨ ਫਾਰ 'ਦ ਬਲਾਈਂਡ ਜਥੇਬੰਦੀ ਨੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ ਆਰ ਟੀ ਸੀ) ਵੱਲੋਂ ਉਨ੍ਹਾਂ ਦੀਆਂ ਮੰਗਾਂ ਮੰਨੇ ਜਾਣ ਤੇ ਕਾਰਪੋਰੇਸ਼ਨ ਦੇ ਮੈਨੇਜਿੰਗ ਡਾਇਰੈਕਟਰ ਮਨਜੀਤ ਸਿੰਘ ਨਾਰੰਗ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤੈ।
ਜਥੇਬੰਦੀ ਦੀ ਜਨਰਲ ਸਕੱਤਰ ਸੰਗੀਤ ਕਪੂਰ ਨੇ ਲੁਧਿਆਣਾ 'ਚ ਜਾਰੀ ਇਕ ਬਿਆਨ 'ਚ ਕਿਹੈ ਕਿ ਪੀ ਆਰ ਟੀ ਸੀ ਨੇ ਹਰੇਕ ਬਸ 'ਚ ਨੇਤਰਹੀਣ ਮੁਸਾਫਰਾਂ ਲਈ 4 ਸੀਟਾਂ ਰਾਖਵੀਆਂ ਕਰ ਦਿੱਤੀਆਂ ਨੇ। ਉਨ੍ਹਾਂ ਦਸਿਆ ਕਿ ਕਾਰਪੋਰੇਸ਼ਨ ਦੀਆਂ ਬਸਾਂ 'ਚ ਨੇਤਰਹੀਣ ਦੇ ਇਕ ਹੈਲਪਰ ਨੂੰ ਵੀ ਮੁਫ਼ਤ ਸਫ਼ਰ ਦੀ ਸਹੂਲਤ ਦਿੱਤੀ ਗਈ ਏ।

*****************************************************************

ਪੰਜਾਬ 'ਚ ਕੱਲ੍ਹ ਸ਼ਾਮ ਤੱਕ 179 ਲੱਖ ਟਨ ਤੋਂ ਵੱਧ ਝੋਨੇ ਦੀ ਖਰੀਦ ਹੋਈ ਏ। ਇਕ ਸਰਕਾਰੀ ਬੁਲਾਰੇ ਨੇ ਚੰਡੀਗੜ੍ਹ 'ਚ ਦਸਿਆ ਕਿ ਸਰਕਾਰੀ ਏਜੰਸੀਆਂ ਨੇ ਇਸ ਖਰੀਦ 'ਚੋਂ 176 ਲੱਖ 32 ਹਜ਼ਾਰ 818 ਟਨ ਝੋਨਾ ਖਰੀਦਿਐ ਜਦ ਕਿ ਪ੍ਰਾਈਵੇਟ ਮਿੱਲਰਾਂ ਨੇ 2 ਲੱਖ 72 ਹਜ਼ਾਰ ਟਨ ਤੋਂ ਵੱਧ ਦੀ ਖਰੀਦ ਕੀਤੀ ਏ।

*****************************************************************

ਅੱਜ ਫਿਰੋਜ਼ਪੁਰ ਜ਼ਿਲ੍ਹੇ 'ਚ ਮੱਲਾਂ ਵਾਲਾ ਰੋਡ 'ਤੇ ਇਕ ਸੜਕ ਹਾਦਸੇ 'ਚ 2 ਸਕੇ ਭਰਾਵਾਂ ਦੀ ਮੌਤ ਹੋ ਗਈ ਏ। ਦੋਵੇਂ ਭਰਾ ਸੁਧਾਰਾ ਪਿੰਡ ਨਾਲ ਸਬੰਧਤ ਸਨ ਅਤੇ ਇਹ ਆਪਣੇ ਪਿੰਡੋਂ ਫਿਰੋਜ਼ਪੁਰ ਜਾ ਰਹੇ ਸਨ ਜਦ ਇਕ ਅਣਪਛਾਤੇ ਟਰਾਲੇ ਨੇ ਕਾਲੂ ਵਾਲਾ ਪਿੰਡ ਨੇੜੇ ਇਨ੍ਹਾਂ ਨੂੰ ਟੱਕਰ ਮਾਰ ਦਿੱਤੀ। ਪੁਲਿਸ ਨੇ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਏ।

****************************************************************